# ਆਦਤਨ ਟ੍ਰੈਫਿਕ ਅਪਰਾਧੀ ਸੁਣਵਾਈ ਦੀ ਬੇਨਤੀ

ਇੱਕ ਆਦਤਨ ਟ੍ਰੈਫਿਕ ਅਪਰਾਧੀ (Habitual Traffic Offender, HTO) ਇੱਕ ਅਜਿਹਾ ਡਰਾਈਵਰ ਹੁੰਦਾ ਹੈ, ਜੋ ਪੰਜ ਸਾਲਾਂ ਦੀ ਮਿਆਦ ਦੇ ਅੰਦਰ:

- ਵਾਸ਼ਿੰਗਟਨ ਦਾ ਸੋਧਿਆ ਕੋਡ (Revised Code of Washington, RCW) 46.65.02 ਵਿੱਚ ਸੂਚੀਬੱਧ ਤਿੰਨ ਜਾਂ ਵੱਧ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਗਿਆ ਹੈ।
- ਵਾਸ਼ਿੰਗਟਨ ਪ੍ਰਬੰਧਕੀ ਕੋਡ (Washington Administrative Code, WAC) 308-104-160 ਵਿੱਚ ਸੂਚੀਬੱਧ 20 ਜਾਂ ਜ਼ਿਆਦਾ ਉਲੰਘਣਾਵਾਂ ਕਰਨ ਲਈ ਪਾਇਆ ਗਿਆ ਹੈ, ਜਾਂ ਦੋਸ਼ੀ ਪਾਇਆ ਗਿਆ ਹੈ।

ਜੇਕਰ ਤੁਸੀਂ ਇੱਕ ਆਦਤਨ ਟ੍ਰੈਫਿਕ ਅਪਰਾਧੀ ਪਾਏ ਜਾਂਦੇ ਹੋ, ਤਾਂ ਤੁਹਾਡਾ ਲਾਇਸੰਸ ਉਦੋਂ ਤੱਕ ਰੱਦ ਕਰ ਦਿੱਤਾ ਜਾਵੇਗਾ, ਜਦੋਂ ਤੱਕ ਤੁਸੀਂ ਮੁੜ-ਬਹਾਲ ਕਰਨ ਦੇ ਯੋਗ ਨਹੀਂ ਹੋ ਜਾਂਦੇ। ਕਿਰਪਾ ਕਰਕੇ ਹੋਰ ਜਾਣਕਾਰੀ ਲਈ ਸਾਡੀ ਵੈੱਬਸਾਈਟ dol.wa.gov 'ਤੇ ਜਾਓ। ਸਾਰੀਆਂ ਸੁਣਵਾਈਆਂ ਉਦੋਂ ਤੱਕ ਟੈਲੀਫ਼ੋਨ ਦੁਆਰਾ ਕੀਤੀਆਂ ਜਾਣਗੀਆਂ, ਜਦੋਂ ਤੱਕ ਕਿ ਹੇਠਾਂ ਲਿਖਤੀ ਰੂਪ ਵਿੱਚ ਸਪਸ਼ਟ ਨਹੀਂ ਕੀਤਾ ਜਾਂਦਾ। ਅਧੂਰੀਆਂ ਬੇਨਤੀਆਂ ਨੂੰ ਅਸਵੀਕਾਰ ਕੀਤਾ ਜਾਵੇਗਾ। ਇਸ ਭਰੇ ਹੋਏ ਫਾਰਮ ਨੂੰ ਹੇਠ ਦਿੱਤੇ ਪਤੇ 'ਤੇ ਡਾਕ ਰਾਹੀਂ ਭੇਜੋ ਜਾਂ ਫੈਕਸ ਕਰੋ:

Administrative Law Office
**Department of Licensing**
PO Box 9031
Olympia, WA 98507-9031
ਫੈਕਸ ਨੰਬਰ: (360) 570-4950

HTO ਰੱਦ ਕਰਨ ਵਾਲੇ ਵਿਅਕਤੀਆਂ ਨੂੰ ਅਕਸਰ ਉਹਨਾਂ ਦੇ ਡਰਾਈਵਿੰਗ ਵਿਸ਼ੇਸ਼ ਅਧਿਕਾਰ ਨਾਲ ਹੋਰ ਸਮੱਸਿਆਵਾਂ ਹੁੰਦੀਆਂ ਹਨ। **ਇਹ ਸੁਣਵਾਈ ਸਿਰਫ਼ HTO ਰੱਦ ਕਰਨ 'ਤੇ ਲਾਗੂ ਹੁੰਦੀ ਹੈ।** ਜੇਕਰ ਤੁਸੀਂ ਇਸ ਵੇਲੇ ਕਿਸੇ ਸੁਧਾਰਾਤਮਕ ਸਹੂਲਤ ਵਿੱਚ ਕੈਦ ਹੋ, ਤਾਂ ਤੁਹਾਡਾ ਡਰਾਈਵਿੰਗ ਅਧਿਕਾਰ ਨੂੰ ਮੁੜ-ਬਹਾਲ ਨਹੀਂ ਕੀਤਾ ਜਾ ਸਕਦਾ।

**ਸਾਰੇ ਪੱਤਰ-ਵਿਹਾਰ ਨੂੰ ਲਾਇਸੰਸਿੰਗ ਵਿਭਾਗ (Department of Licensing) ਨਾਲ ਫ਼ਾਈਲ ਤੇ ਦਿੱਤੇ ਗਏ ਪਤੇ ਤੇ ਡਾਕ ਰਾਹੀਂ ਭੇਜਿਆ ਜਾਵੇਗਾ।** ਆਪਣਾ ਪਤਾ ਅੱਪਡੇਟ ਕਰਨ ਲਈ, ਕਿਰਪਾ ਕਰਕੇ ਔਨਲਾਈਨ dol.wa.gov ਤੇ ਜਾਓ ਜਾਂ ਸਾਡੇ ਸਥਾਨਕ ਲਾਇਸੰਸਿੰਗ ਦਫ਼ਤਰ ਤੇ ਜਾਓ।

## ਡਰਾਈਵਰ ਦੀ ਜਾਣਕਾਰੀ

| **ਨਾਮ ਪ੍ਰਿੰਟ ਕਰੋ ਜਾਂ ਟਾਈਪ** ਕਰੋ (ਆਖਰੀ, ਪਹਿਲਾ, ਵਿਚਕਾਰਲਾ) | | | |
|---|---|---|---|
| ਜਨਮ ਮਿਤੀ *(mm/dd/yyyy)* | ਡਰਾਈਵਰ ਲਾਇਸੰਸ ਨੰਬਰ | ਰਾਜ | 10-ਅੰਕਾਂ ਦਾ ਫ਼ੋਨ ਨੰਬਰ |

ਤੁਹਾਨੂੰ ਹੇਠਾਂ ਦਿੱਤੇ ਸਾਰੇ ਜਵਾਬਾਂ ਨੂੰ ਪੂਰਾ ਕਰਨਾ ਚਾਹੀਦਾ ਹੈ, ਜਾਂ ਤੁਹਾਡੀ ਬੇਨਤੀ ਨੂੰ **ਅਧੂਰੀ ਮੰਨਣ ਵਜੋਂ ਇਨਕਾਰ** ਕਰ ਦਿੱਤਾ ਜਾਵੇਗਾ:
ਹੇਠ ਲਿਖੇ ਦਾ ਜਵਾਬ ਦਿਓ

1. ਕੀ ਤੁਸੀਂ ਪਿਛਲੇ ਦੋ ਸਾਲਾਂ ਵਿੱਚ ਕਿਸੇ ਜਨਤਕ ਹਾਈਵੇਅ 'ਤੇ ਮੋਟਰ ਵਾਹਨ ਚਲਾਇਆ ਹੈ? . . . . . . . . . . . . . . . . . . . . . . . ☐ ਹਾਂ ☐ ਨਹੀਂ
   ਜੇਕਰ "ਹਾਂ", ਤਾਂ ਹੇਠਾਂ ਆਖਰੀ ਡਰਾਈਵਿੰਗ ਦੀ ਮਿਤੀ ਅਤੇ ਸਥਾਨ ਦੀ ਸੂਚੀ ਬਣਾਓ:
   ਮਿਤੀ: ____________________ ਸਥਾਨ (ਸ਼ਹਿਰ, ਰਾਜ): ____________________
2. ਕੀ ਤੁਹਾਡੇ ਕੋਲ ਡਰਾਈਵਿੰਗ ਨਾਲ ਸਬੰਧਤ ਕੋਈ ਮਾਮਲਾ ਅਦਾਲਤ ਵਿੱਚ ਵਿਚਾਰ ਅਧੀਨ ਹੈ? . . . . . . . . . . . . . . . . . . . . ☐ ਹਾਂ ☐ ਨਹੀਂ
   ਜੇਕਰ "ਹਾਂ", ਤਾਂ ਹੇਠਾਂ ਦਿੱਤੀ ਜਾਣਕਾਰੀ ਪ੍ਰਦਾਨ ਕਰੋ (ਬੇਨਤੀ ਕਰਨ ਲਈ ਹੇਠਾਂ ਸੂਚੀਬੱਧ ਨਾ ਕੀਤੇ ਗਏ ਕਿਸੇ ਵੀ ਵਾਧੂ ਅਦਾਲਤੀ ਮਿਤੀਆਂ ਦੇ ਵੇਰਵੇ ਨੱਥੀ ਕਰੋ):

| ਮਿਤੀ | ਸਥਾਨ (ਸ਼ਹਿਰ ਜਾਂ ਕਾਉਂਟੀ/ਰਾਜ) | ਅਪਰਾਧ (ਤੇਜ਼ ਗਤੀ, ਆਦਿ) | ਅਦਾਲਤ (ਜਿੱਥੇ ਤੁਸੀਂ ਪੇਸ਼ ਹੋਵੋਗੇ, ਜੇਕਰ ਤੁਹਾਨੂੰ ਪਤਾ ਹੋਵੇ) |
|---|---|---|---|
| | | | |
| | | | |
| | | | |

## ਵਕੀਲ ਦੀ ਜਾਣਕਾਰੀ (ਜੇਕਰ ਲਾਗੂ ਹੋਵੇ)

| ਵਕੀਲ ਦਾ ਨਾਮ **(ਜਨਤਕ ਡਿਫੈਂਡਰ ਨੂੰ ਸੂਚੀਬੱਧ ਨਾ ਕਰੋ)** | | ਵਕੀਲ ਦਾ ਪਤਾ (ਸ਼ਹਿਰ, ਰਾਜ, ਜ਼ਿਪ, ਕੋਡ) |
|---|---|---|
| ਵਕੀਲ ਦਾ 10-ਅੰਕਾਂ ਦਾ ਫ਼ੋਨ ਨੰਬਰ | ਵਕੀਲ ਦਾ 10-ਅੰਕਾਂ ਦਾ ਫੈਕਸ ਨੰਬਰ | ਵਕੀਲ ਦੀ ਈਮੇਲ |

**ਦੁਭਾਸ਼ੀਏ ਲਈ ਬੇਨਤੀ ਕਰੋ**

ਜੇਕਰ ਧਿਰਾਂ ਜਾਂ ਗਵਾਹ ਅੰਗਰੇਜ਼ੀ ਭਾਸ਼ਾ ਨਹੀਂ ਬੋਲਦੇ ਹਨ, ਤਾਂ ਤੁਹਾਡੇ ਲਈ ਇੱਕ ਯੋਗ ਦੁਭਾਸ਼ੀਆ ਨਿਯੁਕਤ ਕੀਤਾ ਜਾਵੇਗਾ। ਜੇਕਰ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਲੋੜ ਹੈ, ਤਾਂ ਹੇਠਾਂ ਦਿੱਤੀ ਜਾਣਕਾਰੀ ਨੂੰ ਪੂਰਾ ਕਰੋ।

| ਦੁਭਾਸ਼ੀਏ ਲਈ ਬੇਨਤੀ | ਪ੍ਰਾਇਮਰੀ ਭਾਸ਼ਾ | ਬੋਲੀ |
|---|---|---|
| ☐ ਮੈਨੂੰ ਇੱਕ ਦੁਭਾਸ਼ੀਏ ਦੀ ਲੋੜ ਹੈ ☐ ਮੈਂ ਸੁਣਨ ਵਿੱਚ ਕਮਜ਼ੋਰ ਹਾਂ | | |

ਮੈਂ ਇਹ ਸਮਝਦਾ/ਸਮਝਦੀ ਹਾਂ ਕਿ ਜੇਕਰ ਲਾਇਸੰਸਿੰਗ ਵਿਭਾਗ *(Department of Licensing)* ਨੂੰ ਇਹ ਜਾਣਕਾਰੀ ਮਿਲਦੀ ਹੈ ਕਿ ਮੈਂ ਮੋਟਰ ਵਾਹਨ ਚਲਾਇਆ ਹੈ ਅਤੇ ਇਸਦਾ ਖੁਲਾਸਾ ਕਰਨ ਵਿੱਚ ਅਸਫ਼ਲ ਰਿਹਾ ਹਾਂ, ਤਾਂ ਵਿਭਾਗ ਵਾਸ਼ਿੰਗਟਨ ਦੇ ਸੋਧੇ ਕੋਡ *(Revised Code of Washington, RCW) 46.65* ਦੇ ਤਹਿਤ ਮੇਰੇ ਡਰਾਈਵਿੰਗ ਵਿਸ਼ੇਸ਼ ਅਧਿਕਾਰ ਵਿਰੁੱਧ ਹੋਰ ਕਾਰਵਾਈ ਕਰ ਸਕਦਾ ਹੈ।

ਮੈਂ *Washington* ਦੇ ਕਨੂੰਨ ਦੇ ਤਹਿਤ ਝੂਠ ਬੋਲਣ ‘ਤੇ ਸਜ਼ਾ ਦਿੱਤੇ ਜਾਣ ਦੇ ਤਹਿਤ ਘੋਸ਼ਣਾ ਕਰਦਾ/ਕਰਦੀ ਹਾਂ ਕਿ ਉਪਰੋਕਤ ਜਾਣਕਾਰੀ ਸਹੀ ਅਤੇ ਸੱਚ ਹੈ।

_______________________________ ਦਸਤਖਤ ਕੀਤੇ ਜਾਣ ਦੀ ਮਿਤੀ ਅਤੇ ਸਥਾਨ

**X** ਇੱਥੇ ਪੂਰੇ ਕੀਤੇ ਫਾਰਮ ਨੂੰ ਪ੍ਰਿੰਟ ਕਰੋ ਅਤੇ ਦਸਤਖਤ ਕਰੋ ਅਤੇ ਮਿਤੀ ਲਿਖੋ
_______________________________ ਡਰਾਈਵਰ ਦੇ ਦਸਤਖ਼ਤ